# ਦਫਤਰ ਡਿਪਟੀ ਕਮਿਸ਼ਨਰ-ਕਮ-ਕੁਲੈਕਟਰ, ਰੂਪਨਗਰ।

ਸਰਬ ਸਧਾਰਨ ਹਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਰੂਪਨਗਰ ਦੀ ਤਹਿਸੀਲ ਰੂਪਨਗਰ ਲਈ 2 (ਦੋ) ਅਤੇ ਤਹਿਸੀਲ ਨੰਗਲ ਲਈ 2 (ਦੋ) ਅਸ਼ਟਾਮ ਫਰੋਸ਼ਾਂ ਨੂੰ ਲਾਇਸੰਸ ਦੇਣ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਚਾਹਵਾਨ ਉਮੀਦਵਾਰ **ਮਿਤੀ:17/04/2018** ਸ਼ਾਮ 4:00 ਵਜੇ ਤੱਕ ਆਪਣੀਆਂ ਦਰਖਾਸਤਾਂ 200/-ਰੁ: ਦੇ ਪੋਸਟਲ ਆਰਡਰ(ਅਨੁਸੂਚਿਤ ਜਾਤੀ ਲਈ 100/-ਰੁ:) ਡਿਪਟੀ ਕਮਿਸ਼ਨਰ, ਰੂਪਨਗਰ ਦੇ ਨਾਂ ਤੇ ਨਿੱਜੀ ਤੋਰ ਤੇ ਦਫਤਰ ਡਿਪਟੀ ਕਮਿਸ਼ਨਰ, ਰੂਪਨਗਰ(ਆਰ.ਆਈ.ਏ. ਸ਼ਾਖਾ) ਵਿਚ ਦਫਤਰੀ ਸਮੇ ਦੋਰਾਨ ਦੇ ਸਕਦਾ ਹੈ। ਨਿਸਚਿਤ ਮਿਤੀ ਤੋ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ। ਇਸ ਸਬੰਧ ਵਿੱਚ ਲਿਖਤੀ ਟੈਸਟ ਦੇਣ ਦੀ **ਮਿਤੀ:24/04/2018** ਨਿਸ਼ਚਿਤ ਕੀਤੀ ਗਈ ਹੈ ਜੋ ਕਿ ਸਮਾਂ ਸਵੇਰੇ 9:00 ਵਜੇ ਸਥਾਨ ਸ਼ਿਵਾਲਿਕ ਪਬਲਿਕ ਸਕੂਲ, ਰੂਪਨਗਰ ਵਿਖੇ ਹੋਵੇਗਾ। ਟੈਸਟ ਵਿਚ ਆਉਣ ਸਬੰਧੀ ਹੋਰ ਕੋਈ ਸੱਦਾ ਪੱਤਰ ਨਹੀ ਦਿੱਤਾ ਜਾਵੇਗਾ। ਇਹ ਲਿਖਤੀ ਟੈਸਟ ਜੋ ਕਿ ਦਸਵੀਂ ਕਲਾਸ ਦੇ ਪੱਧਰ ਦਾ ਹੋਵੇਗਾ ਉਹ 70 ਨੰਬਰਾਂ ਦਾ ਹੋਵੇਗਾ ਇਸ ਤੋ ਇਲਾਵਾ 20 ਨੰਬਰ ਵਿਦਿਅਕ ਯੋਗਤਾ ਦੇ ਅਤੇ 10 ਨੰਬਰ ਇੰਟਰਵਿਊ ਦੇ ਆਧਾਰ ਤੇ ਦਿੱਤੇ ਜਾਣਗੇ। ਉਹ ਉਮੀਦਵਾਰ ਹੀ ਟੈਸਟ ਦੇਣ ਲਈ ਯੋਗ ਹੋਵੇਗਾ ਜਿਸ ਨੇ ਦਸਵੀਂ ਕਲਾਜ ਪੰਜਾਬੀ ਵਿਸ਼ੇ ਸਹਿਤ ਪਾਸ ਕੀਤੀ ਹੋਵੇ ਅਤੇ ਉਹ ਕਿਸੇ ਪਾਰਟੀ ਵਿਚ ਹਿੱਸਾ ਨਾ ਲੈਂਦਾ ਹੋਵੇ, ਉਸਦੇ ਖਿਲਾਫ ਫੌਜਦਾਰੀ ਕੇਸ ਲੰਬਿਤ ਨਾ ਹੋਵੇ ਅਤੇ ਨਾ ਹੀ ਉਹ ਕਿਸੇ ਕੇਸ ਵਿਚ ਸਜਾ ਯਾਫਤਾ ਹੋਵੇ।ਇਸ ਦਫਤਰ ਵਿਚ ਅਸ਼ਟਾਮ ਫਰੋਸ਼ ਦੇ ਲਾਇਸੰਸ ਲਈ ਪਹਿਲਾਂ ਦਿੱਤੀਆ ਦਰਖਾਸਤਾਂ ਤੇ ਕੋਈ ਗੋਰ ਨਹੀ ਕੀਤਾ ਜਾਵੇਗਾ।

ਨੋਟ:- ਟੈਸਟ ਵਿਚੋ ਪਾਸ ਉਮੀਦਵਾਰ ਇੰਟਰਵਿਊ ਸਮੇ ਵਿਦਿਅਕ ਯੋਗਤਾ ਸਬੰਧੀ ਆਪਣੇ ਅਸਲ ਦਸਤਾਵੇਜ਼ ਨਾਲ ਲੈ ਕੇ ਆਉਣ।

==========

## ਬਿਨੇ ਪੱਤਰ

ਅਸ਼ਟਾਮ ਫਰੋਸ਼ ਦੇ ਲਾਇਸੰਸ ਲਈ ਬਿਨੇ ਪੱਤਰ ਜਿਲ੍ਹਾ ਕੁਲੈਕਟਰ(ਡੀ.ਸੀ.), ਰੂਪਨਗਰ ਨੂੰ ਸੰਬੋਧਤ ਕੀਤਾ ਜਾਵੇ ਜਿਸ ਵਿਚ ਆਪਣੀਆਂ ਵਿਦਿਅਕ ਯੋਗਤਾਵਾਂ ਦੱਸਦੇ ਹੋਏ (ਮਏ ਫੋਟੋ ਕਾਪੀ ਸਰਟੀਫਿਕੇਟ) ਦਿੱਤੀ ਜਾਵੇ ਜਿਸ ਵਿਚ ਹੇਠ ਲਿਖੇ ਅਨੁਸਾਰ ਮੁਕੰਮਲ ਸੂਚਨਾ ਦਿੱਤੀ ਜਾਵੇ:-

ਪਾਸਪੋਰਟ ਸਾਈਜ ਦੀਆਂ 4 ਫੋਟੋਆਂ

1. ਤਹਿਸੀਲ/ਸਬ ਤਹਿਸੀਲ ਦਾ ਨਾਂ (ਜਿਸ ਲਈ ਅਪਲਾਈ ਕੀਤਾ ਹੈ)
2. ਤਹਿਸੀਲ/ਸਬ ਤਹਿਸੀਲ ਜਿਸ ਵਿਚ ਰਿਹਾਇਸ਼ ਹੈ
3. ਉਮੀਦਵਾਰ ਦਾ ਨਾਂ
4. ਪਿਤਾ ਦਾ ਨਾਂ
5. ਜਨਮ ਮਿਤੀ
6. ਪੂਰਾ ਪਤਾ
7. ਪੁਲਿਸ ਸਟੇਸ਼ਨ
8. ਵਿਦਿਅਕ ਯੋਗਤਾ
9. ਦਸਵੀ ਤੱਕ ਪੰਜਾਬੀ ਪਾਸ ਦਾ ਸਬੂਤ
10. ਮੋਜੂਦਾ ਕਿੱਤਾ
11. ਫੋਨ ਨੰ:/ਮੋਬਾਈਲ ਨੰਬਰ
12. ਜਨਰਲ ਸ੍ਰੇਣੀ/ਹੋਰ ਪਛੜੀਆਂ ਸ੍ਰੇਣੀਆਂ/ਅਨੁਸੂਚਿਤ ਜਾਤੀ

ਮੇਰੇ ਵਲੋ ਉਪਰੋਕਤ ਦਿੱਤੀ ਜਾਣਕਾਰੀ ਬਿਲਕੁਲ ਸਹੀ ਵਾ ਦਰੁਸਤ ਹੈ।ਇਸ ਵਿਚ ਕੋਈ ਵੀ ਗੱਲ ਲੁਕਾਈ ਜਾਂ ਛੁਪਾਈ ਨਹੀ ਗਈ ਹੈ।ਜੇਕਰ ਉਪਰੋਕਤ ਦਿੱਤੀ ਕੋਈ ਵੀ ਜਾਣਕਾਰੀ ਗਲਤ ਜਾਂ ਝੂਠੀ ਨਿਕਲੀ ਤਾ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ ਅਤੇ ਨਿਯਮਾਂ ਅਨੁਸਾਰ ਸਜਾ ਦਾ ਭਾਗੀਦਾਰ ਹੋਵਾਂਗਾ/ਹੋਵਾਂਗੀ।

ਉਮੀਦਵਾਰ ਦੇ ਹਸਤਾਖਰ।

ਜੇਕਰ ਕੋਈ ਕੋਰੀਜੰਡਮ ਹੁੰਦਾ ਹੈ ਤਾਂ ਉਹ ਵੈਬ ਸਾਈਟ ਤੇ ਹੀ ਅਪਲੋਡ ਕੀਤਾ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ(ਜ),ਰੂਪਨਗਰ।